# ਦਫਤਰ ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ) ਪੰਜਾਬ

## (ਸੈਕੰਡਰੀ ਸਿੱਖਿਆ ਸ਼ਾਖਾ)

ਸੇਵਾ ਵਿਖੇ

1. ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਪੰਜਾਬ।
2. ਸਮੂਹ ਸਕੂਲ ਮੁੱਖੀ(ਵੈਬਸਾਈਟ ਰਾਹੀਂ) ਪੰਜਾਬ।

ਮੀਮੋ ਨੰ: DPISE-SEDU0SHFT/20/2021-DPI-SE-SAS NAGAR/ 2022245614-15
ਮਿਤੀ: ਸ.ਅ.ਨਗਰ 12/09/2022

ਵਿਸ਼ਾ: ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਪਾਲਿਸੀ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਦੇ ਸਬੰਧ ਵਿੱਚ ਸਰਕਾਰ ਦੇ ਮੀਮੋ ਨੰ. 13/1/22-1ਸਿ6/60-64 ਮਿਤੀ ਚੰਡੀਗੜ੍ਹ 04.05.2022 (ਨੱਥੀ ਪੱਤਰ) ਰਾਹੀਂ ਪਾਲਿਸੀ/ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਜਿਸ ਦੀ ਲਗਾਤਾਰਤਾ ਵਿੱਚ ਸਰਕਾਰ ਦੇ ਮੀਮੋ ਨੰ. SEDU6013/3/2022-1EDU6/408125/1-5 ਮਿਤੀ ਚੰਡੀਗੜ੍ਹ 11.08.2022 ਰਾਹੀਂ ਸੋਧ ਪੱਤਰ ਵੀ ਜਾਰੀ ਕੀਤਾ ਗਿਆ ਸੀ (ਨੱਥੀ ਪੱਤਰ) ।

2.0 ਸਰਕਾਰ ਵੱਲੋਂ ਜਾਰੀ ਪਾਲਿਸੀ ਅਨੁਸਾਰ ਰਾਜ ਵਿੱਚ ਡਬਲ ਸ਼ਿਫਟ ਵਿੱਚ ਚਲਦੇ ਸਕੂਲਾਂ ਦੀ ਜਾਣਕਾਰੀ ਇੱਕਤਰ ਕਰਨ ਲਈ Google Link https://docs.google.com/spreadsheets/d/1xzPMP4PkUzgdboTyzIdWpJ3GQITZaEb5vDoskTq2ICU/edit?usp=sharing ਤਿਆਰ ਕੀਤਾ ਗਿਆ ਹੈ ਜਿਸ ਵਿੱਚ ਆਪਣੇ ਸਬੰਧਤ ਜ਼ਿਲ੍ਹੇ ਦੀ Sheet(Task Bar ਵਿੱਚ ਦਰਸਾਏ ਅਨੁਸਾਰ) ਸਲੈਕਟ ਕਰਕੇ ਸੂਚਨਾ ਮਿਤੀ 14.09.2022 ਸਾਮ 4 ਵਜੇ ਤੱਕ ਭਰਨੀ ਯਕੀਨੀ ਬਣਾਈ ਜਾਵੇ ਤਾਂ ਜੋ ਸਰਕਾਰ ਨੂੰ ਸਮੇਂ ਸਿਰ ਸੂਚਨਾ ਭੇਜੀ ਜਾ ਸਕੇ।

3.0 ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ) ਨੂੰ ਭੇਜ ਕੇ ਲਿੱਖਿਆ ਜਾਂਦਾ ਹੈ ਕਿ ਆਪਣੇ ਜ਼ਿਲ੍ਹੇ ਦੇ ਸਮੂਹ ਸਕੂਲਾਂ ਨੂੰ ਉਪਰੋਕਤ ਪੱਤਰ ਦਾ ਉਤਾਰਾ ਸਮੇਤ ਪਾਲਿਸੀ/ਹਦਾਇਤਾਂ ਭੇਜ ਕੇ ਇਹ ਸੂਚਨਾ ਮੁੱਖ ਦਫਤਰ ਨੂੰ ਨਿਸ਼ਚਿਤ ਮਿਤੀ ਤੱਕ ਪੁੱਜਦੀ ਕਰਨੀ ਯਕੀਨੀ ਬਣਾਈ ਜਾਵੇ।

ਇਸ ਨੂੰ ਪਰਮ ਅਗੇਤ ਦਿੱਤੀ ਜਾਵੇ।

ਸਹਾਇਕ ਡਾਇਰੈਕਟਰ (ਸੈ.ਸਿ)

ਪੰਜਾਬ ਸਰਕਾਰ
ਸਿੱਖਿਆ ਵਿਭਾਗ
(ਸਿੱਖਿਆ-6 ਸ਼ਾਖਾ)

ਸੇਵਾ ਵਿਖੇ,

1. ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
2. ਡਾਇਰੈਕਟਰ ਸਿੱਖਿਆ ਵਿਭਾਗ (ਸੈ.ਸਿ.), ਪੰਜਾਬ।
3. ਡਾਇਰੈਕਟਰ ਸਿੱਖਿਆ ਵਿਭਾਗ (ਐ.ਸਿ.), ਪੰਜਾਬ।
4. ਡਾਇਰੈਕਟਰ, ਐਸ.ਸੀ.ਈ.ਆਰ.ਟੀ., ਪੰਜਾਬ।
5. ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ।

ਮੀਮੋ ਨੰ: 13/1/22-1ਸਿ6/60-64
ਮਿਤੀ, ਚੰਡੀਗੜ੍ਹ: 4.5.22

ਵਿਸ਼ਾ:- ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਹਦਾਇਤਾਂ।

ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਵਿੱਚ ਚਲਾਉਣ ਲਈ ਵਿਭਾਗ ਪਾਸ ਬਹੁਤ ਸਾਰੀਆਂ ਪ੍ਰਤੀ ਬੇਨਤੀਆਂ ਪ੍ਰਾਪਤ ਹੁੰਦੀਆਂ ਹਨ।ਅਜਿਹੀਆਂ ਪ੍ਰਤੀ ਬੇਨਤੀਆਂ ਤੇ ਵਿਚਾਰ ਕਰਨ ਉਪਰੰਤ ਪੰਜਾਬ ਰਾਜ ਦੇ ਸਰਕਾਰੀ ਸਕੂਲਾਂ ਨੂੰ ਡਬਲ ਸ਼ਿਫਟ ਵਿੱਚ ਚਲਾਉਣ ਸਬੰਧੀ ਹੇਠ ਲਿਖੇ ਅਨੁਸਾਰ ਹਦਾਇਤਾਂ ਜਾਰੀ ਕੀਤੀਆਂ ਜਾਂਦੀਆਂ ਹਨ:-

1.0 ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਣ ਅਤੇ ਜਗ੍ਹਾ, ਕਮਰਿਆ ਤੇ ਹੋਰ ਇਨਫਰਾਸਟਰੱਕਚਰ ਦੀ ਘਾਟ ਹੋਣ ਦੀ ਸੂਰਤ ਵਿੱਚ ਹੀ ਸਬੰਧਤ ਸਕੂਲ ਨੂੰ ਡਬਲ ਸ਼ਿਫਟ ਲਈ ਵਿਚਾਰਿਆ ਜਾਵੇਗਾ।

2.0 (ੳ) ਜਿੱਥੇ ਪ੍ਰਾਇਮਰੀ ਅਤੇ ਅੱਪਰ ਪ੍ਰਾਇਮਰੀ ਸਕੂਲ ਇੱਕੋ ਕੈਂਪਸ ਵਿੱਚ ਚਲਦੇ ਹੋਣ:-

ਅਜਿਹੇ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਦੋਵੇਂ ਸਕੂਲਾਂ ਦੇ ਸਕੂਲ ਮੁਖੀਆਂ ਦੀ ਆਪਸੀ ਸਹਿਮਤੀ ਨਾਲ ਜੋ ਤਜਵੀਜ਼ ਵਿਭਾਗ ਨੂੰ ਭੇਜੀ ਜਾਵੇਗੀ, ਉਸ ਅਨੁਸਾਰ ਸਕੂਲ ਨੂੰ ਡਬਲ ਸ਼ਿਫਟ ਕਰਨ ਸਬੰਧੀ ਵਿਚਾਰ ਕੀਤਾ ਜਾਵੇਗਾ।

(ਅ) ਜਿੱਥੇ ਹਾਈ/ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਵਿਦਿਆਰਥੀਆਂ ਦੀ ਗਿਣਤੀ ਬਹੁਤ ਜ਼ਿਆਦਾ ਹੈ:-

ਅਜਿਹੇ ਸਕੂਲਾਂ ਨੂੰ ਡਬਲ ਸ਼ਿਫਟ ਕਰਨ ਸਬੰਧੀ ਸਕੂਲਾਂ ਦੇ ਮੁਖੀਆਂ ਵੱਲੋਂ ਭੇਜੀ ਗਈ ਤਜਵੀਜ਼ ਅਨੁਸਾਰ ਵਿਚਾਰ ਕੀਤਾ ਜਾਵੇਗਾ।

3.0 ਉਪਰੋਕਤ ਤੋਂ ਇਲਾਵਾ ਸਰਕਾਰ ਪੱਧਰ ਤੇ ਸਕੂਲ ਵਿੱਚ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਣ, ਜਗ੍ਹਾ/ਕਮਰਿਆ ਤੇ ਹੋਰ ਇਨਫਰਾਸਟਰੱਕਚਰ ਦੀ ਘਾਟ ਹੋਣ, ਕਿਸੇ ਵੀ ਪ੍ਰਬੰਧਕੀ ਪੱਖੋਂ ਜਾਂ ਵਿਦਿਆਰਥੀਆਂ ਦੇ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਸਕੂਲਾਂ ਨੂੰ ਡਬਲ ਸ਼ਿਫਟ ਕੀਤਾ ਜਾ ਸਕਦਾ ਹੈ।

4.0 ਜੇਕਰ ਉਪਰੋਕਤ ਦਰਸਾਏ ਪੈਰ੍ਹਾ 1.0, 2.0 ਅਤੇ 3.0 ਵਿੱਚ ਦਰਜ ਸਥਿਤੀ ਅਨੁਸਾਰ ਸਕੂਲਾਂ ਨੂੰ ਡਬਲ ਸ਼ਿਫਟ ਕੀਤਾ ਜਾਂਦਾ ਹੈ ਤਾਂ ਉਸ ਸੂਰਤ ਵਿੱਚ ਸਕੂਲ ਹੇਠ ਅਨੁਸਾਰ ਲੱਗਣਗੇ:-

| ਲੜੀ ਨੰ: | ਸਕੂਲ | ਸੈਸ਼ਨ | ਸਮਾਂ | ਜਿਸ ਸ਼ਿਫਟ ਵਿੱਚ ਸਕੂਲ ਲੱਗੇਗਾ |
|---|---|---|---|---|
| 1 | ਪ੍ਰਾਇਮਰੀ | ਗਰਮੀਆਂ ਵਿੱਚ | 1 ਅਪ੍ਰੈਲ ਤੋਂ 30 ਸਤੰਬਰ ਤੱਕ | ਸਵੇਰ ਦੀ ਸ਼ਿਫਟ ਵਿੱਚ |
| 2 | ਪ੍ਰਾਇਮਰੀ | ਸਰਦੀਆਂ ਵਿੱਚ | 1 ਅਕਤੂਬਰ ਤੋਂ 31 ਮਾਰਚ ਤੱਕ | ਸ਼ਾਮ ਦੀ ਸ਼ਿਫਟ ਵਿੱਚ |
| 3 | ਅੱਪਰ | ਗਰਮੀਆਂ ਵਿੱਚ | 1 ਅਪ੍ਰੈਲ ਤੋਂ 30 ਸਤੰਬਰ ਤੱਕ | ਸ਼ਾਮ ਦੀ ਸ਼ਿਫਟ ਵਿੱਚ |